# BUDHA DAL PUBLIC SCHOOL PATIALA
## Final Examination (19 March 2026)

**Class - IX**

**Time: 3 hrs.** **Paper - Punjabi (Set - B)** **MM: 80**

**ਆਮ ਨਿਰਦੇਸ਼:**

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚੋਂ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
2. ਬਹੁ-ਵਿਕਲਪੀ ਪ੍ਰਸ਼ਨਾਂ ਦਾ ਉੱਤਰ ਲਿਖਦੇ ਹੋਏ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
3. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਦਰਜ਼ ਕੀਤਾ ਜਾਵੇ।

### ਭਾਗ-ੳ (ਪੜ੍ਹਨ-ਕੌਸ਼ਲ)

1) ਹੇਠ ਲਿਖੇ ਵਾਰਤਕ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: **(6×1=6)**

ਇਸ ਵਿਚ ਸ਼ੱਕ ਨਹੀਂ ਕਿ ਆਸ ਤੋਂ ਬਿਨ੍ਹਾਂ ਨਾ ਆਦਮੀ ਜੀਅ ਨਾ ਹੀ ਸਮਾਜ ਕਾਇਮ ਰਹਿ ਸਕਦਾ ਹੈ। ਆਸ ਇਕ ਅਜਿਹੀ ਚਿਣਗ ਹੈ, ਜਿਸ ਸਦਕਾ ਮਨੁੱਖਤਾ ਸੁਪਨੇ ਵੇਖਦੀ, ਯੋਜਨਾਵਾਂ ਬਣਾਉਂਦੀ ਤੇ ਉਸਾਰਦੀ ਹੋਈ ਅੱਜ ਤੱਕ ਜਿਊਂਦੀ ਆਈ ਹੈ। ਮਨੁੱਖਤਾ ਨੇ ਹਮੇਸ਼ਾ, ਉਸ ਵੇਲੇ ਆਸ ਦਾ ਸਹਾਰਾ ਲਿਆ, ਜਦ ਉਸ ਨੂੰ ਕੋਈ ਵੀ ਰਾਹ ਵਿਖਾਈ ਨਹੀਂ ਸੀ ਦੇ ਰਹੀ ਤੇ ਮਨੁੱਖਤਾ ਨੇ ਉਸ ਵੇਲੇ ਉਸਾਰੀ ਕੀਤੀ. ਜਦੋਂ ਉਸ ਨੂੰ ਚੁਫੇਰੇ ਵੀਰਾਨੀ ਤੇ ਖੰਡਰ ਵਿਖਾਈ ਦੇ ਰਹੇ ਸਨ। ਅਸਲ ਵਿੱਚ ਆਸ ਮਨੁੱਖੀ ਸੁਭਾ ਦਾ ਇੱਕ ਅੰਗ ਹੈ। ਪਰ ਆਸ ਇੰਨੀ ਸੁਭਾਵਕ ਹੋਣ ਤੇ ਵੀ ਅਸੀਂ ਉਸ ਨੂੰ ਗਵਾ ਸਕਦੇ ਹਾਂ। ਅਜਿਹੀ ਹਾਲਤ ਵਿੱਚ ਕੀ ਅਸੀਂ ਆਪਣੇ ਮਨ ਵਿੱਚ ਆਸ ਨੂੰ ਮੁੜ ਜਗਾ ਸਕਦੇ ਹਾਂ? ਆਸ ਕਿਉਂਕਿ ਜ਼ਿੰਦਗੀ ਦੇ ਸੁਭਾਵਕ ਵਹਿਣ ਨਾਲ ਜੁੜੀ ਹੋਈ ਹੈ, ਇਸ ਲਈ ਉਸ ਦੇ ਰਾਹ ਦੀਆਂ ਰੁਕਾਵਟਾਂ ਦੂਰ ਕਰਕੇ, ਅਸੀਂ ਉਸ ਦੇ ਵਹਿਣ ਨੂੰ ਬੇਰੋਕ ਬਣਾ ਸਕਦੇ ਹਾਂ। ਕਦੇ ਅਜਿਹਾ ਸਮਾਂ ਆਉਂਦਾ ਹੈ, ਜਦ ਆਦਮੀ ਆਪਣਾ ਯਕੀਨ ਬਿਲਕੁੱਲ ਹੀ ਗਵਾ ਬੈਠਦਾ ਹੈ। ਅਜਿਹੇ ਮੌਕਿਆਂ 'ਤੇ ਆਪਣਾ ਧਿਆਨ ਵਰਤਮਾਨ 'ਤੇ ਕੇਂਦਰਿਤ ਕਰੋ ਤੇ ਹਰ ਦਿਨ ਵਿੱਚ ਨਿੱਕੀਆਂ-ਨਿੱਕੀਆਂ ਖ਼ੁਸ਼ੀਆਂ ਲੱਭੋ ਇੱਥੋਂ ਤੱਕ ਕਿ ਹਰ ਘੰਟੇ ਨੂੰ ਚੰਗੀ ਤਰ੍ਹਾਂ ਜਿਉਣ ਦਾ ਜਤਨ ਕਰੋ, ਕੋਈ ਚੰਗੀ ਕਿਤਾਬ ਪੜ੍ਹ ਕੇ ਕਿਸੇ ਨਾਲ ਚੰਗੀਆਂ ਗੱਲਾਂ ਕਰਕੇ, ਕਿਸੇ ਨਾਲ ਹਮਦਰਦੀ ਭਰਿਆ ਸਲੂਕ ਕਰਕੇ, ਕਿਸੇ ਕੁਦਰਤੀ ਦ੍ਰਿਸ਼ ਤੇ ਸੁਹੱਪਣ ਨੂੰ ਮਾਣ ਕੇ। ਆਪਣੀਆਂ ਜੜ੍ਹਾਂ ਪੂਰੀ ਤਰ੍ਹਾਂ ਵਰਤਮਾਨ ਵਿੱਚ ਜਮਾਓ ਜਦ ਤੱਕ ਕਿ ਤੁਹਾਡੇ ਅੰਦਰ ਆਉਣ ਵਾਲੇ ਕੱਲ੍ਹ ਬਾਰੇ ਸੋਚਣ ਦਾ ਹੌਸਲਾ ਨਹੀਂ ਆ ਜਾਂਦਾ।

**ਭਾਗ—I**

ਉਪਰੋਕਤ ਪੈਰੇ ਦੇ ਅਧਾਰ 'ਤੇ ਪੁੱਛੇ ਗਏ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ—

1. ਕਿਸ ਤੋਂ ਬਿਨਾਂ ਸਮਾਜ ਕਾਇਮ ਨਹੀਂ ਰਹਿ ਸਕਦਾ?
   (ੳ) ਪੈਸੇ ਤੋਂ (ਅ) ਆਸ ਤੋਂ
   (ੲ) ਲਾਲਚ ਤੋਂ (ਸ) ਉਪਰੋਕਤ 'ਚੋਂ ਕੋਈ ਨਹੀਂ
2. ਕਿਸ ਸਦਕਾ ਮਨੁੱਖਤਾ ਸੁਪਨੇ ਵੇਖਦੀ ਹੈ?
   (ੳ) ਵਿਗਿਆਨ ਦੇ (ਅ) ਪੈਸੇ ਦੇ
   (ੲ) ਆਸ ਦੇ (ਸ) ਉਪਰੋਕਤ 'ਚੋਂ ਕੋਈ ਨਹੀਂ
3. ਕਿਹੜੀ ਚੀਜ਼ ਮਨੁੱਖੀ ਸੁਭਾਅ ਦਾ ਅੰਗ ਹੈ?
   (ੳ) ਪੈਸੇ ਦੇ ਸਹਾਰੇ ਰਹਿਣਾ (ਅ) ਖ਼ੁਸ਼ੀਆਂ ਦੀ ਤਲਾਸ਼
   (ੲ) ਵਰਤਮਾਨ ਸਮਾਂ (ਸ) ਆਸ ਦੇ ਸਹਾਰੇ ਰਹਿਣਾ
4. ਜਦੋਂ ਮਨੁੱਖ ਆਪਣਾ ਯਕੀਨ ਗਵਾ ਲਵੇ ਤਾਂ ਕੀ ਕਰਨਾ ਚਾਹੀਦਾ ਹੈ?
   (ੳ) ਪੈਸਿਆਂ ਦੀ ਤਲਾਸ਼ ਕਰਨੀ ਚਾਹੀਦੀ ਹੈ (ਅ) ਖ਼ੁਸ਼ੀਆਂ ਦੀ ਤਲਾਸ਼ ਕਰਨੀ ਚਾਹੀਦੀ ਹੈ
   (ੲ) ਆਸ ਦੇ ਸਹਾਰੇ ਜਿਊਣਾ ਚਾਹੀਦਾ ਹੈ (ਸ) ਸੌਂ ਜਾਣਾ ਚਾਹੀਦਾ ਹੈ
5. ਆਪਣੀਆਂ ਜੜ੍ਹਾਂ ਕਿਸ ਵਿੱਚ ਜਮਾਉਣੀਆਂ ਚਾਹੀਦੀਆਂ ਹਨ?
   (ੳ) ਭੂਤਕਾਲ ਵਿੱਚ (ਅ) ਭਵਿੱਖਤ ਕਾਲ
   (ੲ) ਵਰਤਮਾਨ ਵਿੱਚ (ਸ) ਮਿੱਟੀ ਵਿੱਚ

ਪ੍ਰ6. ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ।

ੳ) ਆਸ ਅ) ਜ਼ਿੰਦਗੀ ੲ) ਹਮਦਰਦੀ ਸ) ਇਨ੍ਹਾਂ ਵਿੱਚੋਂ ਕੋਈ ਨਹੀਂ

B-1

Scanned with OKEN Scanner

2) ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ। (1×4=4)

ਓ ਦੁਨੀਆ ਦੇ ਬੰਦਿਓ ਪੂਜੋ ਉਹਨਾਂ ਨੇਕ ਇਨਸਾਨਾਂ ਨੂੰ
ਦੇਸ਼ ਦੀ ਖ਼ਾਤਰ ਵਾਰ ਗਏ ਜੋ,
ਪਿਆਰੀਆਂ ਪਿਆਰੀਆਂ ਜਾਨਾਂ ਨੂੰ।
ਸਰੂਆਂ ਵਰਗੇ, ਸੋਨੇ ਵਰਗੇ, ਹੀਰੇ ਪੁੱਤਰ ਮਾਵਾਂ ਦੇ,
ਚਾ ਜਿਨ੍ਹਾਂ ਦੇ ਮਿਲਣ ਵਾਸਤੇ,
ਰੋਂਦੇ ਭੈਣ ਭਰਾਵਾਂ ਦੇ।

ੳ) ਕਵੀ ਕਿਨ੍ਹਾਂ ਇਨਸਾਨਾਂ ਦੀ ਪੂਜਾ ਕਰਨ ਲਈ ਕਹਿ ਰਿਹਾ ਹੈ?
ਅ) ਕੌਣ ਦੇਸ਼ ਦੀ ਖਾਤਰ ਜਾਨ ਵਾਰ ਗਏ?
ੲ) ਮਾਵਾਂ ਦੇ ਪੁੱਤਰ ਕਿਨ੍ਹਾਂ ਵਰਗੇ ਸਨ?
ਸ) 'ਵਾਸਤੇ' ਸ਼ਬਦ ਤੋਂ ਕੀ ਭਾਵ ਹੈ?

## ਭਾਗ – ਅ (ਵਿਆਕਰਨ)

**3) ਵਿਰੋਧੀ ਸ਼ਬਦ (ਪੁੱਛੇ ਗਏ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਹੇਠ ਲਿਖੇ ਵਿਕਲਪਾਂ ਵਿੱਚੋਂ ਸਹੀ ਵਿਰੋਧੀ ਜੋੜਾ ਚੁਣੋ:
1) ਸੱਖਣਾ/ਖਾਲੀ 2) ਸੱਖਣਾ/ਸੁੱਖਣਾ 3) ਸੱਖਣਾ/ਊਣਾ 4) ਸੱਖਣਾ/ਭਰਿਆ

ਅ) 'ਗਰਮੀ' ਸ਼ਬਦ ਦਾ ਵਿਰੋਧੀ ਸ਼ਬਦ ਕੀ ਹੋਵੇਗਾ?
1) ਤਪਸ਼ 2) ਗੁੱਸਾ 3) ਸਰਦੀ 4) ਮੀਂਹ

ੲ) 'ਉਸਤਤ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ:
1) ਸਿਫ਼ਤ 2) ਨਿੰਦਿਆ 3) ਵਿਸ਼ੇਸ਼ 4) ਵਡਿਆਈ

**4) ਲਿੰਗ ਬਦਲੋ (ਪੁੱਛੇ ਗਏ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਜਿਹੜੇ ਸ਼ਬਦ ਇਸਤਰੀ ਜਾਂ ਮਾਦਾ ਭੇਦ ਨੂੰ ਪ੍ਰਗਟ ਕਰਨ ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ?
1) ਲਿੰਗ 2) ਪੁਲਿੰਗ 3) ਇਸਤਰੀ ਲਿੰਗ 4) ਪੜਨਾਂਵ

ਅ) ਕਿਹੜੇ ਸ਼ਬਦ ਦਾ ਵਿਰੋਧੀ ਲਿੰਗ ਨਹੀਂ ਹੁੰਦਾ?
1) ਸ਼ੇਰ 2) ਭਰਾ 3) ਦਰਜ਼ੀ 4) ਚੰਨ

ੲ) 'ਸੰਦੂਕ' ਸ਼ਬਦ ਦਾ ਇਸਤਰੀ ਲਿੰਗ ਚੁਣੋ:
1) ਸੰਦੂਕੀ 2) ਸੰਦੂਕੜੀ 3) ਸੰਦੂਕਣੀ 4) ਸੰਦੂਕੀ

**5) ਵਿਸਮਿਕ (ਪੁੱਛੇ ਗਏ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਵਿਸਮਿਕ ਚਿੰਨ੍ਹ ਕਿਹੜਾ ਹੈ?
1) ? 2) ; 3) ! 4) "

ਅ) ਕਾਸ਼! ਮੈਂ ਅਮੀਰ ਹੁੰਦਾ। ਵਾਕ ਵਿੱਚ ਕਿਹੜੇ ਵਿਸਮਿਕ ਦੀ ਵਰਤੋਂ ਹੋਈ ਹੈ?
1) ਫਿਟਕਾਰ-ਵਾਚਕ 2) ਇੱਛਾ-ਵਾਚਕ 3) ਅਸੀਸ-ਵਾਚਕ 4) ਸੂਚਨਾ-ਵਾਚਕ

ਅ) ਸੰਬੋਧਨੀ ਵਿਸਮਿਕ ਚੁਣੋ:
1) ਵੇ! ਨੀ! ਵੇ ਬੀਬਾ 2) ਕਾਸ਼! 3) ਦੁਰ ਫਿੱਟੇ-ਮੂੰਹ 4) ਹਾਏ! ਹਾਏ!

**6) ਸ਼ਬਦ ਸ਼ੁੱਧੀ (ਕੋਈ ਚਾਰ ਕਰੋ):** (4+½=2)

ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:
ੳ) ਅਭੇਆਸ ਅ) ਜੈਦਾਦ ੲ) ਹਸੌਣਾ ਸ) ਸੰਪਾਦਿਕ ਹ) ਇਰਖਾ

B. 2

Scanned with OKEN Scanner

7) ਕਿਰਿਆ (ਪੁੱਛੇ ਗਏ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ): (2×1=2)

ੳ) ਕਿਰਿਆ ਕਿੰਨੇ ਪ੍ਰਕਾਰ ਦੀ ਹੁੰਦੀ ਹੈ?

ਅ) ਸਕਰਮਕ ਕਿਰਿਆ ਦੀ ਇੱਕ ਉਦਾਹਰਨ ਲਿਖੋ।

ੲ) ਮੁੰਡਾ ਖੇਡਦਾ ਹੈ । ਇਹ ਕਿਹੜੀ ਕਿਰਿਆ ਹੈ?

8) ਹੇਠ ਲਿਖਿਆਂ ਵਿੱਚੋਂ ਕਿਸੇ ਦੋ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ: (2×1=2)

ਹੱਥ ਵਟਾਉਣਾ, ਅੱਗ ਨਾਲ ਖੇਡਣਾ, ਇੱਕ ਮੁੱਠ ਹੋਣਾ

## ਭਾਗ-ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)

9) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ 'ਇੱਕ' ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਅਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ: (8)

**ਨਾਨਕ ਦੁਖੀਆ ਸਭ ਸੰਸਾਰ**

ਨੁਕਤੇ - ਤੁੱਕ ਦਾ ਅਰਥ, ਸੰਸਾਰ ਵਿੱਚ ਸਾਰੇ ਦੁਖੀ ਹਨ, ਦੁੱਖਾਂ ਦਾ ਮੂਲ ਕਾਰਨ, ਦੁੱਖ-ਸੁੱਖ ਜੀਵਨ ਦਾ ਹਿੱਸਾ ਹਨ, ਦੁੱਖ ਦਾਰੂ ਹੈ, ਪ੍ਰਭੂ ਸਿਮਰਨ ਹੀ ਦੁੱਖਾਂ ਦਾ ਦਾਰੂ ਹੈ, ਸਾਰੰਸ਼।

**ਜਾਂ**

**ਵਿਦੇਸ਼ਾਂ ਵਿੱਚ ਜਾਣਾ : ਮਜਬੂਰੀ ਜਾਂ ਲਾਲਚ**

ਨੁਕਤੇ - ਵਿਦੇਸ਼ਾਂ ਵਿੱਚ ਜਾਣ ਦੀ ਮਜਬੂਰੀ, ਗਰੀਬੀ, ਬੇਰੁਜ਼ਗਾਰੀ, ਆਰਥਕ ਸ਼ੋਸ਼ਣ, ਸ਼ੁਹਰਤ ਕਾਇਮ ਰੱਖਣੀ, ਵਿਦੇਸ਼ਾਂ ਵਿੱਚ ਜਾਣ ਦਾ ਲਾਲਚ, ਪੈਸੇ ਦਾ ਬੋਲਬਾਲਾ, ਵਿਦੇਸ਼ਾਂ ਵਿੱਚ ਵਿਕਾਸ ਦੇ ਮੌਕੇ ਵਧੇਰੇ, ਭਵਿੱਖ ਦੀ ਸੁਰੱਖਿਆ, ਭ੍ਰਿਸ਼ਟਾਚਾਰ ਦੀ ਅਣਹੋਂਦ, ਮਾਨਸਿਕ ਸੋਚ।

**ਜਾਂ**

**ਸੜਕਾਂ ਤੇ ਦੁਰਘਟਨਾਵਾਂ**

ਨੁਕਤੇ - ਜਾਣ-ਪਛਾਣ, ਸੜਕ ਤੇ ਵਾਪਰਨ ਵਾਲੇ ਹਾਦਸਿਆਂ ਦੇ ਕਾਰਨ, ਤੰਗ ਸੜਕਾਂ, ਕਾਹਲ, ਓਵਰਲੋਡ, ਸ਼ਰਾਬੀ ਡਰਾਈਵਰ, ਟ੍ਰੈਫਿਕ ਨਿਯਮਾਂ ਦੀ ਉਲੰਘਣਾ, ਮਾਨਵ-ਰਹਿਤ ਫਾਟਕਾਂ ਤੇ ਵਾਪਰਨ ਵਾਲੇ ਹਾਦਸੇ, ਸੁਝਾਅ।

10) ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇੱਕ ਪੱਤਰ ਲਿਖੋ। (1×6=6)

ਆਪਣੇ ਛੋਟੇ ਭਰਾ ਨੂੰ ਇੱਕ ਚਿੱਠੀ ਲਿਖੋ ਜਿਸ ਵਿੱਚ ਉਸ ਨੂੰ ਖੇਡਾਂ ਦੀ ਮਹਾਨਤਾ ਦੱਸਦੇ ਹੋਏ ਪੜ੍ਹਈ ਦੇ ਨਾਲ-ਨਾਲ ਖੇਡਾਂ ਨੂੰ ਵੀ ਅਪਨਾਉਣ ਦੀ ਪ੍ਰੇਰਨਾ ਹੋਵੇ।

ਨੁਕਤੇ: ਛੋਟੇ ਭਰਾ ਦੀ ਸਿਹਤ ਠੀਕ ਨਾ ਰਹਿਣਾ, ਪੜ੍ਹਾਈ ਵਿੱਚ ਮਸਤ ਰਹਿਣਾ, ਸਿਹਤ ਵਡਮੁੱਲਾ ਖਜ਼ਾਨਾ, ਖੇਡ ਲਈ ਰੋਜ਼ ਸਮਾਂ ਕੱਢਣਾ, ਸਰੀਰਕ ਸ਼ਕਤੀ ਵਿੱਚ ਵਾਧਾ, ਪੜ੍ਹਾਈ ਦੇ ਨਾਲ-ਨਾਲ ਖੇਡਾਂ ਦਾ ਮਹੱਤਵ।

**ਜਾਂ**

ਅਗਵਾ ਕੀਤੇ ਜਾ ਰਹੇ ਬੱਚਿਆਂ ਦੀਆਂ ਵਾਰਦਾਤਾਂ ਨੂੰ ਠੱਲ੍ਹ ਪਾਉਣ ਲਈ ਪੁਲਿਸ ਕਮਿਸ਼ਨਰ ਨੂੰ ਬੇਨਤੀ ਪੱਤਰ ਲਿਖੋ।

ਨੁਕਤੇ: ਬੱਚਿਆਂ ਦਾ ਸਕੂਲ ਜਾਣ ਤੇ ਕੜਕਦੀ ਦੁਪਹਿਰ ਵਿੱਚ ਵਾਪਸ ਪਰਤਣਾ, ਕੁਝ ਚਿਰ ਤੋਂ ਅਗਵਾ ਦੀਆਂ ਵਾਰਦਾਤਾਂ ਹੋਣੀਆਂ, ਘਰ ਵਾਲਿਆਂ ਤੋਂ ਫਰੌਤੀ ਮੰਗਣਾ, ਪੈਸੇ ਨਾ ਮਿਲਣ ਤੇ ਬੱਚਿਆਂ ਨੂੰ ਮਾਰਨਾ, ਸਪੈਸ਼ਲ ਸੈਲ ਦੇ ਨਿਰਮਾਣ ਦੀ ਜ਼ਰੂਰਤ, ਇਨਾਮ ਦੇਣ ਦਾ ਐਲਾਨ।

B-3

Scanned with OKEN Scanner

11) ਹੇਠ ਲਿਖੇ ਚਿੱਤਰ ਨੂੰ ਦੇਖ ਕੇ ਉਸਦਾ ਵਰਨਣ 50 ਤੋਂ 60 ਸ਼ਬਦਾਂ ਵਿੱਚ ਲਿਖੋ। (4)



## ਭਾਗ-ਸ (ਪਾਠ ਪੁਸਤਕਾਂ ਤੇ ਅਧਾਰਤ)

**12) ਕਹਾਣੀ ਅਤੇ ਵਾਰਤਕ ਵਿੱਚੋਂ (ਪੁੱਛੇ ਗਏ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ): (5×1=5)**

ੳ) ਦਰਬਾਰੇ ਨੂੰ ਕਿਹੜੀ ਬਿਮਾਰੀ ਸੀ?

1) ਟਾਈਫਾਈਡ 2) ਮਲੇਰੀਆ 3) ਨਿਮੋਨੀਆ 4) ਡੇਂਗੂ

ਅ) ਬੇਬੇ ਦੀ ਉਮਰ ਹੁਣ ਕਿੰਨੇ ਸਾਲ ਹੋ ਗਈ ਸੀ?

1) ਅੱਸੀ ਸਾਲ 2) ਪੰਜਾਹ ਸਾਲ 3) ਨੱਬੇ ਸਾਲ ਤੋਂ ਉੱਪਰ 4) ਸੱਠ ਸਾਲ

ੲ) ਹਸਪਤਾਲ ਵਿੱਚ ਪਾਲੀ ਦੀ ਤਨਖ਼ਾਹ ਕਿੰਨੀ ਸੀ?

1) ਪੰਜਾਹ ਰੁਪਏ 2) ਦੋ ਸੌ ਰੁਪਏ 3) ਤਿੰਨ ਸੌ ਰੁਪਏ 4) ਪੰਜ ਸੌ ਰੁਪਏ

ਸ) ਲੇਖਕ ਦੀ ਗਲੀ ਦੀ ਨੁੱਕਰ ਉੱਤੇ ਕੀ ਸੀ?

1) ਟੋਆ 2) ਖ਼ੂਹ 3) ਮਕਾਨ 4) ਬਜ਼ਾਰ

ਹ) ਕਿਸ ਨੇ ਮੰਤਰੀ ਦੇ ਗਲ ਹਾਰ ਪਾਉਣ ਲਈ ਜੋਤੀ ਦੀ ਬਜਾਏ ਆਪਣੇ ਪੁੱਤਰ ਦਾ ਨਾਂ ਦਿੱਤਾ ਸੀ?

1) ਸੇਠ ਕਰੋੜ ਮੱਲ ਨੇ 2) ਸੇਠ ਰਾਮ ਲਾਲ ਨੇ 3) ਸੇਠ ਲਖਪਤ ਰਾਏ ਨੇ 4) ਇਨ੍ਹਾਂ ਵਿੱਚੋਂ ਕੋਈ ਨਹੀਂ

ਕ) 'ਵਹਿਮੀ ਤਾਇਆ' ਲੇਖ ਕਿਸ ਦਾ ਲਿਖਿਆ ਹੋਇਆ ਹੈ?

1) ਕਰਤਾਰ ਸਿੰਘ 2) ਸੂਬਾ ਸਿੰਘ 3) ਹਰੀ ਚੰਦ 4) ਦਲੀਪ ਸਿੰਘ

**13) ਕਵਿਤਾ ਅਤੇ ਇਕਾਂਗੀ ਵਿੱਚੋਂ (ਪੁੱਛੇ ਗਏ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ): (5×1=5)**

ੳ) ਸਮਾਂ ਕਿਹੜੀ ਜਾਂਚ ਨਹੀਂ ਜਾਣਦਾ?

1) ਠਹਿਰਨ ਦੀ 2) ਭੱਜਣ ਦੀ 3) ਅੱਗੇ ਵੱਧਣ ਦੀ 4) ਕੋਈ ਵੀ ਨਹੀਂ

ਅ) ਸਾਧੂ ਤੇ ਮੌਨਧਾਰੀ ਹਰੀ ਚੰਦ ਤੋਂ ਔਸ਼ਧੀ ਦੇ ਕਿੰਨੇ ਪੈਸੇ ਲੈਂਦੇ ਹਨ?

1) ਪੰਦਰਾਂ ਰੁਪਏ 2) ਗਿਆਰ੍ਹਾ ਰੁਪਏ 3) ਵੀਹ ਰੁਪਏ 4) ਦੱਸ ਰੁਪਏ

ੲ) ਛਿੰਝ ਵਿੱਚ ਕੌਣ ਗੱਜਦੇ ਹਨ?

1) ਪਹਿਲਵਾਨ 2) ਸੂਰਵੀਰ 3) ਦੇਸ਼ ਭਗਤ 4) ਨੌਜਵਾਨ

ਸ) ਬੀਜੀ ਕਿਸ ਨੂੰ 'ਬਦਤਮੀਜ਼' ਆਖਦੀ ਹੈ?

1) ਡਾਕਟਰ ਨੂੰ 2) ਸਿਰਜਨਾ ਨੂੰ 3) ਮਾਸੀ ਨੂੰ 4) ਸੰਤੀ ਨੂੰ

ਹ) ਬਿਜਲੀ ਦੇ ਲਾਟੂ ਕਿਸ ਦੇ ਘਰ ਜਗਦੇ ਹਨ?

1) ਗਰੀਬਾਂ ਦੇ 2) ਦੇਸ਼ ਭਗਤਾਂ ਦੇ 3) ਅਮੀਰਾਂ ਦੇ 4) ਇਨ੍ਹਾਂ ਵਿੱਚੋਂ ਕੋਈ ਨਹੀਂ

ਕ) ਮਾਂ ਗੁਜਰੀ ਦੇ ਲਾਲ ਕਿਸ ਕੋਲ ਜਾਣਾ ਚਾਹੁੰਦੇ ਸਨ?

1) ਆਪਣੀ ਮਾਂ ਕੋਲ 2) ਆਪਣੇ ਦਾਦਾ ਜੀ ਕੋਲ 3) ਆਪਣੇ ਪਿਤਾ ਜੀ ਕੋਲ 4) ਆਪਣੇ ਦੋਸਤਾਂ ਕੋਲ

Scanned with OKEN Scanner

14) ਕਹਾਣੀ ਅਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ): (4×1=4)

ੳ) ਦਸ ਵਿਘੇ ਜ਼ਮੀਨ ਕਿਸ ਨੇ ਗਹਿਣੇ ਰੱਖੀ?

ਅ) ਭੁੱਲੋਵਾਲ ਤੋਂ ਭੇਰਾ ਕਿੰਨੀ ਦੂਰੀ 'ਤੇ ਸੀ?

ੲ) ਨਾਭੇ ਤੋਂ ਪਟਿਆਲੇ ਦਾ ਬੱਸ ਕਿਰਾਇਆ ਕਿੰਨਾ ਸੀ?

ਸ) ਗੱਲਾਂ ਕਰਦਿਆਂ-ਸੁਣਦਿਆਂ ਬੇਬੇ ਦੇ ਮੂੰਹੋਂ ਸਹਿਜ ਸੁਭਾਅ ਕਿਹੜੇ ਅਲੰਕਾਰ ਉਤਰਦੇ ਸਨ?

ਹ) ਦੇਵਕੀ ਨੇ ਜੋਤੀ ਲਈ ਚਿੱਟੀ ਕਮੀਜ਼ ਕਿਸ ਕੱਪੜੇ ਦੀ ਬਣਾਈ?

15) ਕਹਾਣੀ ਵਾਰਤਕ ਅਤੇ ਇਕਾਂਗੀ ਵਿੱਚੋਂ (7×2=14)
(ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ):

ੳ) ਕਿਸ਼ੋਰ ਚੰਦ ਸਾਧੂਆਂ ਨਾਲ ਕਿਹੋ ਜਿਹਾ ਵਰਤਾਓ ਕਰਦਾ ਹੈ?

ਅ) ਭੇਰਾ ਸ਼ਹਿਰ ਵਿੱਚ ਖੁਖਰਾਨ ਬਰਾਦਰੀ ਵਾਲਿਆਂ ਦੇ ਕਿਹੜੇ-ਕਿਹੜੇ ਮੁਹੱਲੇ ਸਨ?

ੲ) ਤਕਾਲਾਂ ਨੂੰ ਸਾਰਾ ਟੱਬਰ ਕਿਸ ਗੱਲ ਦਾ ਇੰਤਜ਼ਾਰ ਕਰ ਰਿਹਾ ਸੀ?

ਸ) ਖੁਸ਼ੀ ਪ੍ਰਾਪਤ ਕਰਨ ਦਾ ਅਨਮੋਲ ਢੰਗ ਕਿਹੜਾ ਹੈ?

ਹ) ਬੱਸ ਵਿੱਚ ਇਕ ਸਵਾਰ ਸਰਦਾਰ ਪਾਲੀ ਬਾਰੇ ਕੀ ਆਖਦਾ ਹੈ?

ਕ) ਔਖਾ ਕੰਮ ਨੇਪਰੇ ਚਾੜ੍ਹਨ ਲਈ ਬੇਬੇ ਆਪਣੇ ਪੁੱਤਰਾਂ ਨੂੰ ਕੀ ਸੰਦੇਸ਼ ਦਿੰਦੀ ਸੀ?

ਖ) ਸਿਰਜਨਾ ਗਰਭਪਾਤ ਨੂੰ ਪਾਪ ਕਿਉਂ ਸਮਝਦੀ ਹੈ?

ਗ) ਵਹਿਮੀ ਤਾਇਆ ਲੇਖ ਲਿਖਣ ਦਾ ਉਦੇਸ਼ ਕੀ ਹੈ?

16) ਕਵਿਤਾ ਅਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ) (2×4=8)

ੳ) 'ਮਾਤਾ ਗੁਜਰੀ ਜੀ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਕਵੀ ਨੇ ਮੇਲੇ ਦਾ ਦ੍ਰਿਸ਼ ਕਿਵੇਂ ਪੇਸ਼ ਕੀਤਾ ਹੈ? ਉਸ ਬਾਰੇ ਆਪਣੇ ਵਿਚਾਰ ਲਿਖੋ।

ਅ) ਲੇਖਕ ਨੇ ਆਪਣੀ ਗਲੀ ਦਾ ਦ੍ਰਿਸ਼ ਕਿਵੇਂ ਬਿਆਨ ਕੀਤਾ ਹੈ? ਇਸ ਬਾਰੇ ਵਿਸਥਾਰ ਨਾਲ ਲਿਖੋ।

ਜਾਂ

'ਵਹਿਮੀ ਤਾਇਆ' ਲੇਖ ਵਿੱਚ ਤਾਇਆ ਮਨਸਾ ਰਾਮ ਦੇ ਕੁਝ ਦਿਲਚਸਪ ਵਹਿਮਾਂ ਦਾ ਜ਼ਿਕਰ ਕਰੋ।

7) ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ) (1×4=4)

) 'ਸਿਰਜਣਾ' ਦਾ ਪਾਤਰ ਚਿਤਰਨ ਕਰੋ।

ਜਾਂ

'ਮੌਨਧਾਰੀ' ਇਕਾਂਗੀ ਦਾ ਵਿਸ਼ਾ ਕੀ ਹੈ? ਇਸ ਬਾਰੇ ਜਾਣਕਾਰੀ ਦਿਓ।



Scanned with OKEN Scanner